## ਸ਼ੇਖ ਫ਼ਰੀਦ - ਸਬਦ ੧੩੨

### ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ ॥

### ਸਲੋਕ, ਸੇਖ ਫਰੀਦ, ਗੁਰੂ ਗ੍ਰੰਥ ਸਾਹਿਬ, ੧੩੮੪

ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ ॥

ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ ॥੧੩੦॥

ਸਾਰ: ਹਰ ਜੀਵ ਦੀ ਮੂਲ ਮੁੱਢਲੀ ਕੀਮਤ ਮਹੱਤਵਪੂਰਨ ਹੁੰਦੀ ਹੈ, ਅਤੇ ਇਸਨੂੰ ਹਾਨੀ ਪਹੁੰਚਾਉਣਾ ਜੀਵਨ ਦੀ ਮੂਲ ਧਾਰਾ ਦੇ ਵਿਰੁੱਧ ਹੁੰਦਾ ਹੈ। ਅਜਿਹਾ ਨੁਕਸਾਨ ਇਕਾਈ ਜਾਂ ਇਕ ਦਿਸ਼ਾਵੀ ਪ੍ਰਭਾਵ ਨਹੀਂ ਪਾਉਂਦਾ, ਇਹ ਹਰ ਉਸ ਨਾਜ਼ੁਕ ਰਿਸ਼ਤੇ ਵਿਚ ਖਲਲ ਪਾਉਂਦਾ ਹੈ ਜੋ ਸਮੁੱਚੀ ਹੋਂਦ ਨੂੰ ਬੰਨ੍ਹ ਕੇ ਰੱਖਦਾ ਹੈ। ਉਦਾਹਰਨ ਵਜੋਂ, ਵਾਤਾਵਰਣ ਦੀ ਤਬਾਹੀ, ਜੰਗਲਾਂ ਦੀ ਕਟਾਈ ਦੇ ਦੂਰਗਾਮੀ ਪ੍ਰਭਾਵ ਹੁੰਦੇ ਹਨ। ਜਦੋਂ ਰੁੱਖ ਕੱਟੇ ਜਾਂਦੇ ਹਨ, ਤਾਂ ਪੂਰਾ ਵਾਤਾਵਰਣਿਕ ਤੰਤਰ ਪ੍ਰਭਾਵਿਤ ਹੁੰਦਾ ਹੈ: ਜੰਗਲੀ ਜੀਵਾਂ ਆਪਣਾ ਆਵਾਸ ਗੁਆ ਬੈਠਦੇ ਹਨ, ਹਵਾ ਦੀ ਗੁਣਵੱਤਾ ਖਰਾਬ ਹੁੰਦੀ ਹੈ, ਅਤੇ ਉਹ ਸਥਾਨਕ ਸਮੂਹ ਜਿਨ੍ਹਾਂ ਦੀ ਜੀਵਿਕਾ ਇਨ੍ਹਾਂ ਸਰੋਤਾਂ 'ਤੇ ਨਿਰਭਰ ਹੁੰਦੀ ਹੈ, ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰਦੇ ਹਨ। ਬ੍ਰਹਿਮੰਡੀ ਵਿਵਸਥਾ ਦੀ ਇਹ ਉਲੰਘਣਾ ਸਾਰੇ ਜੀਵਾਂ ਦੇ ਵਧਣ-ਫੁੱਲਣ ਲਈ ਜ਼ਰੂਰੀ ਸੰਤੁਲਨ ਨੂੰ ਵਿਗਾੜਦੀ ਹੈ। ਇਸ ਲਈ, ਇਹ ਪ੍ਰਭਾਵ ਸਿਰਫ਼ ਸੰਬੰਧਤ ਹੀ ਨਹੀਂ ਸਗੋਂ ਹੋਂਦਗਤ ਵੀ ਹੁੰਦਾ ਹੈ।

ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ ॥
ਹਰ ਜੀਵ ਦਾ ਮੂਲ ਸਰੂਪ ਅਨਮੋਲ ਹੈ; ਉਸਨੂੰ ਹਾਨੀ ਪਹੁੰਚਾਉਣਾ ਮੂਲ ਤੌਰ 'ਤੇ ਘਾਤਕ ਹੈ। ਇਸ ਲਈ ਕਿਸੇ ਨੂੰ ਪੀੜਾ ਦੇਣਾ ਸਰਬਵਿਆਪੀ ਵਿਧਾਨ ਦੀ ਉਲੰਘਣਾਂ ਕਰਨ ਦੇ ਤੁਲ ਹੈ, ਜੋ ਸਾਡੀ ਹੋਂਦ ਦੇ ਮੂਲ ਸੰਤੁਲਨ ਨੂੰ ਭੰਗ ਕਰਦੀ ਹੈ।

ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ ॥੧੩੦॥
ਜੇ ਤੁਹਾਡੇ ਅੰਦਰ ਹੋਂਦ ਦੀ ਸਰਬਵਿਆਪੀ ਮੂਲ ਸਤਾ ਦੀ ਤਾਂਘ ਹੈਂ, ਤਾਂ ਕਿਸੇ ਦਾ ਦਿਲ ਨਾ ਦੁਖਾ। ਇਹ ਭਾਵ ਦਰਸਾਉਂਦਾ ਹੈ ਕਿ ਜੇਕਰ ਕੋਈ ਸਰਬ ਸਤਿ ਨਾਲ ਪ੍ਰੇਮ ਦਾ ਦਾਅਵਾ ਕਰਦਾ ਹੈ, ਪਰ ਉਸਦੇ ਅਨੇਕ ਪ੍ਰਗਟ ਰੂਪਾਂ ਨੂੰ ਪੀੜਾ ਦਿੰਦਾ ਹੈ ਤਾਂ ਉਸ ਦਾ ਇਹ ਵਿਵਹਾਰ ਵਿਰੋਧਾਭਾਸੀ ਹੈ। (੧੩੦)

ਤੱਤ: ਸ਼ੇਖ ਫ਼ਰੀਦ ਸਾਨੂੰ ਯਾਦ ਦਿਵਾਉਂਦੇ ਹਨ ਕਿ ਜੇ ਕੋਈ ਸਰਬਵਿਆਪਕ ਸਤਾ ਦੀ ਤਾਂਘ ਰੱਖਦਾ ਹੈ, ਤਾਂ ਉਸਨੂੰ ਇਸ ਬਾਰੇ ਪੂਰਨ ਰੂਪ ਵਿਚ ਸੁਚੇਤ ਰਹਿਣਾ ਚਾਹੀਦਾ ਹੈ ਕਿ ਜਿਨ੍ਹਾਂ ਰਾਹੀਂ ਉਹ ਸਤਾ ਆਪਣਾ ਆਪ ਪ੍ਰਗਟ ਕਰਦੀ ਹੈ, ਉਨ੍ਹਾਂ ਦਾ ਦਿਲ ਨਾ ਦੁਖਾਇਆ ਜਾਵੇ, ਨਹੀਂ ਤਾਂ ਉਸ ਨੂੰ ਪਰਮ ਸਤਾ ਦੀ ਹਾਜ਼ਰਤਾ ਨੂੰ ਅਣਡਿੱਠ ਕਰਨ ਦਾ ਬੋਝ ਚੁੱਕਣਾ ਪਵੇਗਾ। ਉਹ ਸਤਾ ਜਿਸ ਵਿਚ ਉਹ ਆਪਣੀ ਸ਼ਰਧਾ ਭੇਟ ਕਰਨ ਦਾ ਦਾਅਵਾ ਕਰਦਾ ਹੈ। ਇਹ ਕਰਮ ਦਰਿਆ ਨੂੰ ਗੰਦਾ ਕਰਦੇ ਹੋਏ ਉਸ ਪ੍ਰਤੀ ਸ਼ਰਧਾ ਭਾਵਨਾ ਦਾ ਦਾਅਵਾ ਕਰਨ ਦੇ ਤੁਲ ਹੈ। ਏਕਤਾ ਦੇ ਰਾਹ ਤੁਰਦਿਆਂ, ਅਜਿਹੇ ਕਰਮ ਕਰਨੇ ਜੋ ਵਿਛੋੜੇ ਵਿਚ ਵਾਧਾ ਕਰਦੇ ਜਾਣ। ਅਸੀਂ ਉਸ ਸਰਵ ਵਿਆਪਕ ਸਤਾ ਨਾਲ ਅਸਲ ਇਕਸੁਰਤਾ ਤਦ ਹੀ ਪ੍ਰਾਪਤ ਕਰ ਸਕਦੇ ਹਾਂ ਜਦੋਂ ਅਸੀਂ ਉਸਦੇ ਹਰ ਪ੍ਰਗਟ ਰੂਪ ਨਾਲ ਦਇਆ, ਕਰੁਣਾ ਅਤੇ ਆਦਰ ਨਾਲ ਪੇਸ਼ ਆਵਾਂਗੇ, ਉਸ ਦੇ ਪਸਾਰੇ ਦੇ ਹਰ ਰੂਪ ਨੂੰ ਉਸ ਸਮੂਹ ਦਾ ਅਟੁੱਟ ਹਿੱਸਾ ਸਮਝਦੇ ਹੋਏ।

---

ਪਹਿਲਕਦਮੀ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**